# ਦਫ਼ਤਰ ਜਿਲ੍ਹਾ ਮੈਜਿਸਟਰੇਟ ਬਰਨਾਲਾ

(ਐਮ.ਏ ਸ਼ਾਖਾ)

COVID-19

ਹੁਕਮ ਨੰ.ਐਮ.ਏ./119954/224 ਮਿਤੀ: 17/04/2020

## ਦਫ਼ਤਰੀ ਹੁਕਮ

ਕੋਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਅਤੇ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਪੰਜਾਬ ਵਿੱਚ ਮਿਤੀ: 23-03-2020 ਤੋਂ ਕਰਫਿਊ ਲਗਾ ਦਿੱਤਾ ਗਿਆ ਹੈ। ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਆਪਣੇ ਮੀਮੋ ਨੰਬਰ: 01/13-2020MDM(2)99830 ਮਿਤੀ: 31-03-2020 ਰਾਹੀਂ ਮਾਨਯੋਗ ਸੁਪਰੀਮ ਕੋਰਟ ਵੱਲੋਂ Suo Moto W.P. (Civil) No. 02 of 2020 regarding Closure of Mid-Day Meal Scheme Vs Union of India & Ors. Etc. ਵਿੱਚ ਜਾਰੀ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਜਿਲ੍ਹਾ ਸਿੱਖਿਆ ਅਫ਼ਸਰ (ਐਲੀ.ਸਿੱ) ਵੱਲੋਂ ਬੱਚਿਆਂ/ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਫੂਡ ਗਰੇਨਜ਼ ਨੂੰ ਬੱਚਿਆਂ ਦੇ ਘਰਾਂ ਤੱਕ ਪਹੁੰਚਾਉਣ ਸਬੰਧੀ ਲਿਖਿਆ ਗਿਆ ਹੈ।

ਉਪਰੋਕਤ ਦੇ ਮੱਦੇਨਜ਼ਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਸਕੂਲ ਮੁੱਖੀ, ਮਿੱਡ-ਡੇ-ਮੀਲ ਇੰਚਾਰਜ ਅਤੇ ਕੁੱਕ-ਕਮ-ਹੈਲਪਰ ਵੱਲੋਂ ਫੂਡ ਗਰੇਨਜ਼ ਦੀ ਸਪਲਾਈ ਬੱਚਿਆਂ/ਵਿਦਿਆਰਥੀਆਂ ਦੇ ਘਰਾਂ ਤੱਕ ਪਹੁੰਚਾਉਣ ਲਈ ਸਕੂਲ ਮੁੱਖੀਆਂ ਵੱਲੋਂ ਜਾਰੀ ਕੀਤੇ ਗਏ ਸ਼ਨਾਖਤੀ ਕਾਰਡਾਂ (**Identity Card**) ਨੂੰ ਹੀ ਕਰਫਿਊ ਪਾਸ ਮੰਨਿਆ ਜਾਵੇਗਾ। ਫੂਡ ਗਰੇਨਜ਼ ਦੀ ਸਪਲਾਈ ਬੱਚਿਆਂ/ਵਿਦਿਆਰਥੀਆਂ ਦੇ ਘਰਾਂ ਤੱਕ ਸੀਲ ਬੰਦ ਪੈਕਟਾਂ ਰਾਹੀਂ ਕੀਤੀ ਜਾਵੇਗੀ। ਇਸ ਪ੍ਰੀਕਿਰਿਆ ਦੌਰਾਨ ਉਪਰੋਕਤ ਸਟਾਫ ਨੂੰ ਸਬੰਧਤ ਸਕੂਲਾਂ ਵਿੱਚ ਜਾਣ ਦੀ ਆਗਿਆ ਹੋਵੇਗੀ।

ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਅਤੇ ਐਲੀਂਮੈਂਟਰੀ) ਬਰਨਾਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਕੰਮ ਕਰਦੇ ਸਮੇਂ ਇਕੱਠ ਨਾ ਕੀਤਾ ਜਾਵੇ ਅਤੇ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਤੇ COVID-19 ਸਬੰਧੀ Protocol ਦੀ ਪਾਲਣਾ ਕੀਤੀ ਜਾਵੇ। ਇਸ ਮੁਤਾਬਿਕ ਸੁੰਚਾਰੂ ਢੰਗ ਨਾਲ ਕੰਮ ਨੂੰ ਨੇਪਰੇ ਚਾੜ੍ਹਨ ਲਈ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਅਤੇ ਐਲੀਂਮੈਂਟਰੀ) ਬਰਨਾਲਾ ਨਿੱਜੀ ਤੌਰ ਤੇ ਜਿੰਮੇਵਾਰ ਹੋਣਗੇ।

ਜਿਲ੍ਹਾ ਮੈਜਿਸਟਰੇਟ
ਬਰਨਾਲਾ

ਪਿੱਠ ਅੰਕਣ ਨੰ.ਐਮ.ਏ./119954/7561-7586 ਮਿਤੀ: 17/04/2020

ਹੁਕਮ ਦਾ ਇਕ ਉਤਾਰਾ ਨਿਮਨਲਿਖਤ ਪਾਸ ਸੂਚਨਾਂ/ਲੋੜੀਂਦੀ ਕਾਰਵਾਈ ਅਤੇ ਪਾਲਣਾ ਹਿਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਸਿੱਖਿਆ ਵਿਭਾਗ (ਐ.ਸਿੱ) ਪੰਜਾਬ, ਐਸ.ਏ.ਐਸ. ਨਗਰ।
2) ਸਕੱਤਰ, ਪੰਜਾਬ ਸਕੂਲ ਸਿੱਖਿਆ ਵਿਭਾਗ, ਮੋਹਾਲੀ, ਪੰਜਾਬ।
3) ਕਮਿਸ਼ਨਰ, ਪਟਿਆਲਾ ਮੰਡਲ, ਪਟਿਆਲਾ।
4) ਸੀਨੀਅਰ ਕਪਤਾਨ ਪੁਲਿਸ, ਬਰਨਾਲਾ।
5) ਸਿਵਲ ਸਰਜਨ, ਬਰਨਾਲਾ।
6) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ
7) ਉਪ ਮੰਡਲ ਮੈਜਿਸਟਰੇਟ, ਬਰਨਾਲਾ ਅਤੇ ਤਪਾ।
8) ਜਿਲ੍ਹਾ ਸਿੱਖਿਆ ਅਫ਼ਸਰ (ਸੈਕੰ ਅਤੇ ਐਲੀਂ) ਬਰਨਾਲਾ।
9) ਜਿਲ੍ਹਾ ਪ੍ਰੋਗਰਾਮ ਅਫ਼ਸਰ, ਬਰਨਾਲਾ।
10) ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ, ਬਰਨਾਲਾ।
11) ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਬਰਨਾਲਾ/ਮਹਿਲ ਕਲਾਂ/ਸ਼ਹਿਣਾ।
12) ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਬਰਨਾਲਾ।
13) ਜਿਲ੍ਹਾ ਮੈਨੇਜਰ, ਪਨਸਪ, ਬਰਨਾਲਾ।
14) ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ ਬਰਨਾਲਾ/ਤਪਾ/ਧਨੌਲਾ/ਭਦੌੜ ਅਤੇ ਨਗਰ ਪੰਚਾਇਤ ਹੰਡਿਆਇਆ।
15) ਜਿਲ੍ਹਾ ਲੋਕ ਸੰਪਰਕ ਅਫ਼ਸਰ, ਬਰਨਾਲਾ।
16) ਪੀ.ਏ. ਟੂ ਡੀ.ਐਮ./ਸਟੈਨੋਗ੍ਰਾਫਰ ਟੂ ਏ.ਡੀ.ਐਮ./ਸਟੈਨੋ ਟੂ ਏ.ਸੀ(ਜ),ਦਫ਼ਤਰ ਹਜਾ।

ਜਿਲ੍ਹਾ ਮੈਜਿਸਟਰੇਟ
ਬਰਨਾਲਾ